# ** ਸਿੱਖ ਦੇ ਘਰਾਂ, ਗੁਰਦੁਆਰਿਆਂ ਅਤੇ ਮੁੱਖ ਧਾਰਮਿੱਕ ਸਥਾਨਾਂ ਵਿਚ ਹੋ ਰਹੀਆਂ ਮੰਨਮੱਤਾਂ।

ਕਿਸ਼ਤ ਨੰਬਰ 11

(ਲੜੀ ਜੋੜਨ ਲਈ ਕਿਸ਼ਤ ਨੰਬਰ 1, 2, 3, 4, 5, 6, 7, 8, 9, 10 ਪੜ੍ਹੋ ਜੀ।)

#### 'ਸਬਦ-ਗੁਰੂ' ਗਰੰਥ ਦਾ ਸਸਕਾਰ ਕਰਨਾ।

- (ਕੀ 'ਸਬਦ-ਗੁਰੂ' 'ਗਿਆਨ' ਕਦੇ ਬਿੱਰਧ ਹੋ ਸਕਦਾ ਹੈ . .. ????) ਨਹੀਂ ਨਾ।
- (ਕੀ 'ਸਬਦ-ਗੁਰੂ' 'ਗਿਆਨ' ਮਰ ਸਕਦਾ ਹੈ … ????) ਨਹੀਂ ਨਾ।
- (ਕੀ 'ਸਬਦ-ਗੁਰੂ' 'ਗਿਆਨ' ਦਾ ਸਸਕਾਰ, ਕਿਰਿਆ-ਕਰਮ ਹੋ ਸਕਦਾ ਹੈ … ??) ਨਹੀਂ ਨਾ।
- ਕਿਉਂਕਿ 'ਸਬਦ ਗੁਰੂ' 'ਗਿਆਨ' ਤਾਂ ਸਰਬ-ਵਿਆਪੱਕ ਹੈ। ਉਸਦਾ ਕਦੇ ਵਿਨਾਸ਼ ਨਹੀਂ ਹੁੰਦਾ।
- ਕਿਉਂਕਿ "ਸਬਦ ਗੁਰੂ' 'ਗਿਆਨ' ਤਾਂ ਹਮੇਸ਼ਾ ਲਈ ਅਮਰ ਹੈ, ਅਜਰ ਹੈ, ਅਬਿਨਾਸ਼ੀ ਹੈ।

*** ਗੁਰਬਾਣੀ ਫੁਰਮਾਨ :- ਸਤਿਗੁਰੁ ਮੇਰਾ ਸਦਾ ਸਦਾ ਨਾ ਆਵੈ ਨ ਜਾਇ॥

ਓਹੁ ਅਬਿਨਾਸੀ ਪੁਰਖੁ ਹੈ ਸਭ ਮਹਿ ਰਹਿਆ ਸਮਾਇ॥ ਮ4॥ 758॥ ('ਗਿਆਨ' ਅਜ਼ਰ, ਅਮਰ, ਅਬਿਨਾਸੀ ਹੈ। ਹਮੇਸ਼ਾ ਲਈ ਬਰਕਰਾਰ ਹੈ। ਹਰ ਰੋਜ਼ ਨਵਾਂ ਹੈ। 'ਗਿਆਨ' ਕੱਲ ਕਿਸੇ ਹੋਰ ਕੋਲ ਸੀ , ਉਹ ਮਨੁੱਖ ਚਲਾ ਗਿਆ। 'ਗਿਆਨ' ਅੱਜ ਮੇਰੇ ਕੋਲ ਹੈ, ਮੈਂ ਵੀ ਚਲਾ ਜਾਵਾਂਗਾ। ਕੱਲ ਨੂੰ ਇਹ 'ਗਿਆਨ ਕਿਸੇ ਹੋਰ ਕੋਲ ਆ ਜਾਵੇਗਾ।

*** ਸਾਹਿਬੁ ਮੇਰਾ ਨੀਤ ਨਵਾ ਸਦਾ ਸਦਾ ਦਾਤਾਰੁ॥ ਮ1॥660॥ ( ਮੇਰਾ 'ਗਿਆਨ' ਰੂਪੀ ਸਾਹਿਬ ਹਰ ਰੋਜ਼ ਨਵਾਂ ਹੈ,। ਹਮੇਸ਼ਾ ਹੀ, ਜੋ ਉਸਨੂੰ ਲੈਣਾ ਚਹੁੰਦਾ ਹੈ, ਉਸਦੀਆਂ ਝੋਲੀਆਂ ਭਰ ਦਿੰਦਾ ਹੈ




*** 'ਸਚਿਆਰ ਸਿੱਖ' ਦਾ ਗੁਰੂ 'ਸਬਦ' ਹੈ, 'ਗਿਆਨ' ਹੈ।

. 'ਸਬਦ' ਕਾਗ਼ਜ ਉੱਪਰ ਦਰਜ਼ ਕੀਤਾ ਗਿਆ ਹੈ। ਜਿਸਨੂੰ 'ਗੁਰਬਾਣੀ' ਕਰਕੇ ਜਾਣਿਆ ਜਾਂਦਾ ਹੈ। ਇਸੇ 'ਗੁਰਬਾਣੀ' ਵਿਚ ਦਿੱਤੇ 'ਗਿਆਨ, ਸੁਨੇਹੇ, ਸੰਦੇਸ਼, ਜਾਣਕਾਰੀਆਂ' ਨੂੰ ਆਪਾਂ ਸਿੱਖਾਂ ਨੇ ਗ੍ਰਹਿਣ ਕਰਨਾ ਹੈ, ਭਾਵ ਲੈਣਾ ਹੈ, ਪ੍ਰਾਪਤ ਕਰਨਾ ਹੈ, ਸਮਝਣਾ ਹੈ।

*** ਅੱਜ ਦੇ ਸਮੇਂ ਸਿੱਖ ਸਮਾਜ ਵਿਚ, ਜੋ ਗਰੰਥ ਸਾਹਿਬ ਦੀਆਂ ਬੀੜਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਤਿਆਰ ਕੀਤੀਆਂ ਜਾਂਦੀਆਂ ਹਨ, ਉਹ ਕੰਪਿਊਟਰਾਈਜ਼ ਪਰਿੰਟਿੰਗ ਪਰੈਸ ਰਾਹੀਂ ਬਣਾਈਆਂ ਜਾਂਦੀਆਂ ਹਨ। ਇਹਨਾਂ ਬੀੜਾਂ ਨੂੰ ਪਦ-ਛੇਦ ਬੀੜਾਂ ਆਖਿਆ ਜਾਂਦਾ ਹੈ, ਭਾਵ ਇਹਨਾਂ ਬੀੜਾਂ ਵਿਚ ਹਰ ਲਫਜ਼ ਅੱਗੇ ਪਿੱਛੇ ਜੁੜਿਆ ਨਹੀਂ ਹੁੰਦਾ।

. ਪਹਿਲੀਆਂ ਸਾਰੀਆਂ ਬੀੜਾਂ ਹਸਤ-ਲਿੱਖਤ ਹੀ ਸਨ ਅਤੇ ਲਿੱਖਣ ਸ਼ੈਲੀ ਵਿਚ ਲਗਾਤਾਰਤਾ ਸੀ, ਅੱਜ ਕੱਲ ਵੀ ਕਈ ਵੀਰ-ਭੈਣ ਉਸ ਲਗਾਤਾਰਤਾ ਵਾਲੀਆਂ ਬੀੜਾਂ ਲਿੱਖਣ ਦੀ ਕੋਸਿਸ਼ ਕਰਦੇ ਰਹਿੰਦੇ ਹਨ।

. ਲਿੱਖਣ ਸ਼ੈਲੀ ਵਿਚ ਲਗਾਤਾਰਤਾ ਵਾਲੀਆਂ ਬੀੜਾਂ ਤੋਂ ਬਾਣੀ ਤਾਜ਼ੁਰਬਾ-ਕਾਰ ਪਾਠੀ ਹੀ ਕਰ/ਪੜ੍ਹ ਸਕਦਾ ਹੈ।

. ਕੁੱਝ ਕੰਠ ਕੀਤੀਆਂ ਬਾਣੀਆਂ ਤਾਂ ਆਸਾਨੀ ਨਾਲ ਪੜ੍ਹੀਆਂ ਜਾ ਸਕਦੀ ਹਨ, ਪਰ ਫਿਰ ਵੀ ਲਗਾਤਾਰਤਾ ਵਾਲੀ ਬਾਣੀ ਪੜ੍ਹਨ ਵਿਚ ਸਮਾਂ ਲੱਗਦਾ ਹੈ।

. ਅੱਜ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹਰ ਮਹੀਨੇ ਸੈਂਕੜਿਆਂ ਦੇ ਹਿਸਾਬ ਨਾਲ 'ਗਰੰਥ ਸਾਹਿਬ' ਦੀਆਂ ਬੀੜਾਂ ਤਿਆਰ ਕਰਵਾਉਂਦੀ ਹੋਵੇਗੀ।

. ਪਰ ਪੁਰਾਤਨ ਹਸਤ ਲਿੱਖਤ ਬੀੜਾਂ ਤਾਂ ਬਹੁਤ ਘੱਟ ਹਨ। ਪੁਰਾਤਨ ਹਸਤ ਲਿੱਖਤ ਬੀੜਾਂ ਵਿਚ ਲਿਖਾਰੀਆਂ ਵਲੋਂ ਹੂ-ਬ-ਹੂ ਨਕਲ ਕੀਤੀ ਹੁੰਦੀ ਹੈ। ਜੋ ਸੱਚਾਈ/ਪ੍ਰਮਾਣਿਕਤਾ ਦੇ ਜਿਆਦਾ ਨੇੜੇ ਹੁੰਦੀ ਹੈ। (ਗਲਤੀ ਕਦੇ ਵੀ ਕਿਸੇ ਮਨੁੱਖ ਕੋਲੋਂ ਹੋ ਸਕਦੀ ਹੈ)

** ਪਰ ਅਫ਼ਸੋਸ !! ਸਿੱਖ ਸਮਾਜ ਵਿਚ ਦੇ ਅਨਪੜ੍ਹ ਬਾਬਿਆਂ ਅਤੇ ਟਕਸਾਲੀਆਂ ਨੇ ਆਪਣੀ ਅਗਿਆਨਤਾ ਕਰਕੇ, ਇਸ ਕੀਮਤੀ ਖ਼ਜਾਨੇ ਨੂੰ ਅਗਨ-ਭੇਟ ਕਰਕੇ ਜਲਾਉਣਾ ਸੁਰੂ ਕੀਤਾ ਹੋਇਆ ਹੈ। ਅਨਪੜ੍ਹਤਾ ਅਗਿਆਨਤਾ, ਇਹ ਹੈ ਕਿ ਇਹ ਲੋਕ ਇਸ 'ਸਬਦ ਗਰੰਥ' ਨੂੰ ਦੇਹ/ਸਰੀਰ ਮੰਨਦੇ ਹਨ।

- ਮਨੁੱਖੀ ਦੇਹ/ਸਰੀਰ ਤਾਂ ਬੁੱਢਾ ਹੋ ਜਾਂਦਾ ਹੈ, ਇਕ ਦਿਨ ਮਰ ਵੀ ਜਾਂਦਾ ਹੈ। ਠੀਕ ਉਸੇ ਤਰਾਂ ਇਹ ਅਗਿਆਨੀ ਲਾਣਾ ਪੁਰਾਣੀਆਂ ਬੀੜਾਂ (ਇਹ ਅਗਿਆਨੀ ਲਾਣਾ ਪੁਰਾਣੀਆਂ ਬੀੜਾਂ ਨੂੰ ਬਿੱਰਧ-ਬੀੜਾਂ ਕਹਿੰਦਾ ਹੈ। ਇਸ ਅਗਿਆਨੀ ਲਾਣੇ ਵਾਸਤੇ ਇਹ ਬੀੜਾਂ ਮਰ ਚੁੱਕੀਆਂ ਹਨ ਭਾਵ ਮਰੀਆਂ-ਬੀੜਾਂ। ਜਦ ਵੀ ਮੌਕਾ ਬਣਦਾ, ਗਾਹੇ ਬਗਾਹੇ, ਇਹ ਅਗਿਆਨੀ ਲਾਣਾ ਇਹਨਾਂ ਪੁਰਾਣੀਆਂ ਬੀੜਾਂ (ਮਰੀਆਂ-ਬੀੜਾਂ) ਨੂੰ ਅੱਗ ਵਿਚ ਜਲਾ ਦਿੰਦੇ ਹਨ। ਸਾੜ ਕੇ ਸੁਆਹ ਕਰ ਦਿੰਦੇ ਹਨ।)
- ਸ਼ਰਧਾਉਲੂ ਲੋਕਾਂ ਵਿਚ ਇਹ ਅਗਿਆਨੀ ਲੋਕ ਇਹ ਭੁਲੇਖਾ ਬਣਾਉਂਦੇ ਹਨ, ਬਿੱਰਧ ਬੀੜਾਂ ਨੂੰ ਖੋਹਲ ਕੇ ਪੜ੍ਹਨ ਵੇਲੇ, ਜਾਂ ਪੰਨੇ ਪਲਟਾਉਣ ਵੇਲੇ, ਇਹਨਾਂ ਬਿੱਰਧ ਬੀੜਾਂ ਦੇ ਪੰਨੇ ਫੱਟ ਜਾਂਦੇ ਹਨ। ਸੋ ਇਹ ਬਿੱਰਧ ਬੀੜਾਂ ਵਰਤਣ-ਯੋਗ ਨਹੀਂ ਰਹੀਆਂ ਹਨ। ਸੋ ਇਹਨਾਂ ਬਿੱਰਧ ਬੀੜਾਂ ਦਾ ਸਸਕਾਰ ਕਰਨਾ ਵੀ ਗੁਰੂ ਸਾਹਿਬ ਜੀ ਦੇ ਸਰੀਰ/ਦੇਹ ਦੇ ਸਸਕਾਰ ਕਰਨਾ ਤੁੱਲ ਹੈ, ਵਾਂਗਰ ਹੈ।
- ਲੋਕ ਵੀ ਭਾਵੁੱਕ ਹੋ ਕੇ ਇਹਨਾਂ ਦੇ ਪਿੱਛੇ ਲੱਗ ਜਾਂਦੇ ਹਨ। ਫਿਰ ਠੀਕ, ਇੱਕ ਮਰੇ ਹੋਏ ਮਨੁੱਖ ਦੇ ਸੰਸਕਾਰ ਦਾ ਆਡੰਬਰ ਰਚਿਆ ਜਾਂਦਾ ਹੈ। ਸੱਭ ਕੁੱਝ ਇਕ ਮਰੇ ਹੋਏ ਵਿਅਕਤੀ ਦੇ ਅਨੁਸਾਰੀ। ਬਿੱਰਧ ਬੀੜਾਂ ਦੇ ਬੱਲਦੇ ਬੱਲਦੇ ਹੋਏ ਸਿਵਿਆਂ ਵਿਚ ਉਸੇ ਤਰਾਂ ਸਮੱਗਰੀ ਅਤੇ ਦੇਸੀ ਘਿਉ ਦੀ ਅਹੂਤੀ ਵੀ ਦਿੱਤੀ ਜਾਂਦੀ ਹੈ।
- ਗੱਲ ਕੀ !! ਮਰੇ ਹੋਏ ਮਨੁੱਖੀ ਸਰੀਰ ਦੇ ਸਸਕਾਰ ਦਾ ਉਹ ਪੂਰੇ ਦਾ ਪੂਰਾ ਕਰਮਕਾਂਡ ਡਰਾਮਾ ਕੀਤਾ ਜਾਂਦਾ ਹੈ।
- ਹਾਂ !! ਉਥੇ ਪਹੁੰਚੇ ਲੋਕ ਸਿਰਫ ਵੈਣ ਨਹੀਂ ਪਾਉਂਦੇ। ਰੋਦੇਂ ਕਰਲਾਉਂਦੇ ਨਹੀਂ, ਪਰ ਮੂੰਹ ਸਾਰਿਆਂ ਦੇ ਅਫ਼ਸੋਸੇ ਜਰੂਰ ਹੁੰਦੇ ਹਨ।
- ਸਸਕਾਰ ਤੋਂ ਬਾਦ ਵਿਚ 'ਸੋਹਿਲਾ' ਬਾਣੀ ਦਾ ਪਾਠ ਕੀਤਾ ਜਾਂਦਾ ਹੈ। ਫਿਰ ਗੁਰਦੁਆਰੇ ਆ ਕੇ ਆਲਾਹਣੀਆਂ ਦਾ ਪਾਠ ਕਰਕੇ ਦੇਗ਼ ਵਰਤਾਈ ਜਾਂਦੀ ਹੈ।
- ਬਿੱਲਕੁੱਲ ਸਾਰਾ ਅਗਿਆਨਤਾ ਭਰਿਆ ਆਡੰਬਰ/ਕਰਮਕਾਂਡ ਡਰਾਮਾ ਇਕ ਸੱਚ-ਮੁੱਚ ਦੇ ਮਰੇ ਪ੍ਰਾਣੀ ਵਾਲਾ ਹੋ ਨਿੱਬੜਦਾ ਹੈ।

**** ਸਵਾਲਾਂ ਦੇ ਜਵਾਬ ਕੌਣ ਦੇਵੇਗਾ ???

#### ਲਿਖਤ ਵਿਚ ਆਈਆਂ ਕਿਤਾਬਾਂ/ਗਰੰਥ ਪੁਰਾਣੇ ਹੋ ਸਕਦੇ ਹਨ। ਜੋ ਕਿਤਾਬਾਂ/ਗਰੰਥ ਅੱਜ ਤੋਂ ਕਈ ਸਾਲ ਪਹਿਲਾਂ ਦੇ ਲਿੱਖੇ ਹੋਏ ਹਨ, ਉਹ ਸਾਰੇ ਪੁਰਾਣੇ ਹੀ ਹੁੰਦੇ ਹਨ। ਜਾਗਰੂਕ ਕੌਮਾਂ, ਅਗਾਂਹਵਧੂ ਕੌਮਾਂ ਆਪਣੀਆਂ ਪੁਰਾਣੀਆਂ ਵਿਰਾਸਤਾਂ, ਕੀਮਤੀ ਧਰੋਹਰਾਂ, ਬੇਸ਼ਕੀਮਤੀ ਕਿਤਾਬਾਂ/ਗਰੰਥਾਂ ਦੀ ਸਾਂਭ-ਸੰਭਾਲ ਕਰਦੀਆਂ ਹਨ। ਉਹਨਾਂ ਨੇ ਚੀਜ਼ਾਂ, ਵਸਤੂਆਂ ਦੇ ਰੱਖ ਰਖਾਵ ਦੇ ਸਾਧਨ ਲੱਭੇ ਜਾਂਦੇ ਹਨ, ਤਾਂ ਜੋ ਲੰਬੇ ਸਮੇਂ ਤੱਕ ਇਹ ਵਿਰਾਸਤੀ ਚੀਜ਼ਾਂ, ਵਸਤਾਂ ਆਪਣੀ ਅਸਲੀ ਹਾਲਤ ਵਿਚ ਜਿਉਂ ਦੀਆਂ ਤਿਉਂ ਬਣੀਆਂ ਰਹਿਣ ਅਤੇ

ਉਹਨਾਂ ਦੀਆਂ ਆਉਣ ਵਾਲੀਆਂ ਨਵੀਆਂ ਮਨੁੱਖੀ ਨਸਲਾਂ ਆਪਣੇ ਪੁਰਾਣੇ ਇਤਿਹਾਸ ਅਤੇ ਵਿਰਾਸਤ ਨਾਲ ਜੁੜੇ ਰਹਿਣ, ਸਿੱਖਦੇ ਰਹਿਣ।

#### ਠੀਕ ਇਸੇ ਤਰਾਂ ਜਾਗਰੂਕ, ਅਗਾਂਹਵਧੂ ਕੌਮਾਂ ਆਪਣੀਆਂ ਪੁਰਾਣੀਆਂ ਪੁਸਤਕਾਂ, ਕਿਤਾਬਾਂ, ਗਰੰਥਾਂ ਦੀ ਵੀ ਸਾਂਭ ਸੰਭਾਲ ਕਰਦੀਆਂ ਹਨ। ਉਹ ਕਦੇ ਵੀ ਪੁਰਾਣੇ ਗਰੰਥਾਂ ਨੂੰ ਨਹੀਂ ਜਲਾਉਂਦੇ। ਬਲਕਿ ਇਹਨਾਂ ਪੁਰਾਤਨ ਗਰੰਥਾਂ ਦੇ ਪੰਨਿਆਂ ਦੀ ਦੇਖਭਾਲ ਕਰਦੇ ਹਨ। ਇਹਨਾਂ ਗਰੰਥਾਂ ਦੇ ਕਾਗ਼ਜੀ ਪੰਨਿਆਂ ਉੱਪਰ ਪਲਾਸਟਿੱਕ ਪੇਪਰ ਸਰਜ਼ਰੀ ਨਾਲ ਰੀਪੇਅਰ ਕਰਕੇ ਇਹਨਾਂ ਪੁਰਾਤਨ ਪੰਨਿਆਂ ਨੂੰ ਉੱਮਰ ਦਰਾਜ਼ ਬਣਾ ਦਿੰਦੇ ਹਨ।

#### ਪਰ ਸਾਡੇ ਸਿੱਖ ਸਮਾਜ ਵਿਚ ਐਸਾ ਨਹੀਂ ਹੈ। 'ਗੁਰਬਾਣੀ' ਦੀਆਂ ਹਜਾਰਾਂ ਹੀ ਪੁਰਾਤਨ ਹਸਤ ਲਿੱਖਤ ਬੀੜਾਂ ਅਤੇ ਪੁਰਾਤਨ ਛਾਪੇ ਖਾਨੇ ਦੀਆਂ ਬੀੜਾਂ ਨੂੰ ਬਿੱਰਧ-ਬੀੜਾਂ ਕਹਿ ਕੇ ਅਗਨ ਭੇਟ ਕਰ ਦਿੱਤਾ ਗਿਆ, ਜਾਂਦਾ ਹੈ। ਸਾਰਾ ਪੁਰਾਤਨ ਵਿਰਸਾ ਅੱਗ ਵਿਚ ਜਾਲ ਕੇ ਸੁਆਹ ਕਰ ਦਿੱਤਾ ਗਿਆ। **ਇਹਨਾਂ ਅਗਨ ਭੇਟ ਕੀਤੀਆਂ, ਸੁਆਹ ਬਣਾਈਆਂ ਪੁਰਾਣੀਆਂ ਬੀੜਾਂ ਵਿਚੋਂ ਕਿਤਨੀਆਂ ਜਾਣਕਾਰੀਆਂ ਮਿਲ ਸਕਦੀਆਂ ਸਨ ?????**

- ਕੋਈ ਪੁੱਛਣ ਵਾਲਾ ਨਹੀਂ ਹੈ।
- ਕੋਈ ਸਵਾਲ ਕਰਨ ਵਾਲਾ ਨਹੀਂ ਹੈ।
- ਕੋਈ ਪੁਰਾਤਨ ਕਿਤਾਬਾਂ/ਗਰੰਥਾਂ ਦੀ ਸਾਂਭ-ਸੰਭਾਲ ਕਰਨ ਵਾਲਾ ਇਦਾਰਾ/ਸੰਸਥਾ ਨਹੀਂ ਹੈ।
- ਕੋਈ ਇਹਨਾਂ ਪੁਰਾਤਨ ਬੀੜਾਂ ਨੂੰ ਸੁਆਹ ਕਰਨ ਵਾਲਿਆਂ ਨੂੰ ਨੱਥ ਪਾਉਣ ਵਾਲਾ ਸਿੱਖ /ਗੁਰਸਿੱਖ, ਸੰਸਥਾ/ਇਦਾਰਾ ਨਹੀਂ ਹੈ।




**### : ਸਵਾਲ ਬਿੱਰਧ ਬੀੜਾਂ ਅਗਨ ਭੇਟ ਕਰਨ ਬਾਰੇ ??** ( ਲਫਜ਼ 'ਬਿੱਰਧ-ਬੀੜਾਂ' ਦੀ ਵਰਤੋਂ ਪਿੱਛੇ ਵੀ ਚਾਲ ਹੈ। ਜਿਸ ਤਰਾਂ ਮਨੁੱਖੀ ਸਰੀਰ ਬਿੱਰਧ ਅਵੱਸਥਾ ਵਿਚ ਆਉਂਦਾ ਹੈ, ਇਹ ਸਾਰੇ ਪਾਖੰਡੀ ਵਿਹਲੜ ਬਾਬੇ ਟਕਸਾਲੀ 'ਸਬਦ-ਗੁਰੂ' ਗਰੰਥ ਨੂੰ ਦੇਹ/ਸਰੀਰ ਹੀ ਮੰਨਦੇ ਹਨ, ਪੂਜਦੇ ਹਨ। ਇਸ ਲਈ ਲਫ਼ਜ਼ 'ਬਿੱਰਧ' ਦੀ ਵਰਤੋਂ ਪੁਰਾਤਨ ਹੋਈਆਂ ਬੀੜਾਂ ਵਾਸਤੇ ਵੀ ਕਰਦੇ ਹਨ। **ਪ੍ਰਮਾਣਿਕਤਾ** ਨੂੰ ਖਤਮ ਕਰਨ ਵਾਸਤੇ, ਸਿੱਖ ਸਮਾਜ ਵਿਚ ਇਹ ਭੁਲੇਖਾ ਪਾਇਆ ਜਾ ਰਹਿਆ ਹੈ, ਕਿ ਇਹ ਪੁਰਾਤਨ ਬੀੜਾਂ 'ਬਿੱਰਧ' ਹੋ ਗਈਆਂ ਹਨ)

. 1. ਜਿਹੜੀਆਂ ਪੁਰਾਣੀਆਂ ਹਸਤ ਲਿਖਤ ਬੀੜਾਂ, ਅਤੇ ਛਾਪੇ ਖਾਨੇ ਦੀਆਂ ਬੀੜਾਂ ਨੂੰ ਬਿੱਰਧ-ਬੀੜਾਂ ਕਿਹਾ ਜਾਂਦਾ ਹੈ, ਉਹਨਾਂ ਨੂੰ ਅਗਨ ਭੇਟ ਕਿਉਂ ਕਰ ਦਿੱਤਾ ਜਾਂਦਾ ਹੈ ?? ( ਮੇਰੇ ਅਨੁਸਾਰ ਇਹ ਸੇਵਾਦਾਰ ਮੁੜਮੱਤੀਏ ਹਨ। ਅਗਰ ਇਹ ਕਰਮਕਾਂਡ ਅਕਲ ਨਾਲ ਕਰ ਰਹੇ ਹਨ, ਤਾਂ ਵੀ ਹਜ਼ਾਰਾਂ ਰੁਪਏ ਦਾ ਖਰਚਾ (ਘਿਉ, ਸਮੱਗਰੀ ਹੋਰ ਰੀਤੀ ਰਿਵਾਜਾਂ ਦਾ ਖਰਚਾ) ਕਰ ਕੇ ਇਹ ਆਪਣੀ ਅਕਲ ਦਾ ਜਲੂਸ ਹੀ ਕਢਵਾ ਰਹੇ ਹਨ। ਮੰਨਮੱਤ ਵਰਤ ਰਹੇ ਹਨ)

. 2. ਕੀ ਅਗਨ ਭੇਟ ਕੀਤੀਆਂ ਜਾਂਦੀਆਂ ਪੁਰਾਤਨ ਹਸਤ ਲਿਖਤ ਅਤੇ ਛਾਪੇ ਖਾਨੇ ਦੀਆਂ ਬਿੱਰਧ-ਬੀੜਾਂ ਦੇ ਬਿੱਰਧ ਹੋਣ ਦਾ ਸਰਟੀਫੀਕੇਟ ਕਿਸ ਤੋਂ ਲਿਆ ਜਾਂਦਾ ਹੈ ?? (ਇਹ ਡੇਰੇਦਾਰ ਬਾਬੇ ਆਪ ਹੀ ਆਥੋਰਟੀਆਂ ਬਣੇ ਹੋਏ ਹਨ।)

. 3. ਕਿਸੇ ਕਿਤਾਬ/ਗਰੰਥ ਦੇ ਬਿੱਰਧ ਹੋ ਜਾਣ ਦਾ ਕੀ ਪੈਮਾਨਾ ਹੈ ?? ( ਕਿਤਾਬ/ਗਰੰਥ ਪੁਰਾਣਾ ਹੋ ਸਕਦੀ ਹੈ।'ਬਿੱਰਧ' ਕਹੇ ਜਾਣ ਵਾਸਤੇ ਕੋਈ ਪੈਮਾਨਾ ਨਹੀਂ ਹੋ ਸਕਦਾ।ਇਹ ਕੋਈ ਚੇਤਨਤਾ ਵਾਲੀਆਂ ਚੀਜ਼ਾਂ ਨਹੀਂ ਹਨ। ਕਿਸੇ ਵੀ ਕਿਤਾਬ/ਗਰੰਥ ਦੀ ਰੀਪੇਅਰ ਹੋ ਸਕਦੀ ਹੈ।)

. 4. ਕੀ ਕਿਸੇ ਕਿਤਾਬ/ਗਰੰਥ ਦੇ ਪੁਰਾਣੇ ਹੋ ਜਾਣ ਨਾਲ ਉਸ ਵਿਚ ਲਿਖਤ ਸੁਨੇਹੇ, ਸੰਦੇਸ਼, ਗਿਆਨ ਵਿਚ ਊਣਤਾਈਆਂ, ਘਾਟਾ ਜਾਂ ਉਸ ਕਿਤਾਬ/ਗਰੰਥ ਤੋਂ ਕੋਈ ਬੀਮਾਰੀ/ਠੀਮਾਰੀ ਲੱਗਣ ਦਾ ਖਤਰਾ ਵੱਧ ਜਾਂਦਾ ਹੈ ?? (ਬਿੱਲਕੁੱਲ ਵੀ ਨਹੀਂ)

. 5. ਕੀ ਕੋਈ ਕਿਤਾਬ/ਗਰੰਥ ਪੁਰਾਤਨ ਹੋਣ ਨਾਲ ਮਰ ਵੀ ਜਾਂਦਾ ਹੈ, ਕਿ ਉਸਦਾ ਸਸਕਾਰ ਹੋਣਾ ਲਾਜ਼ਿਮ ਹੋ ਜਾਂਦਾ ਹੈ ??? ( ਕੋਈ ਵੀ ਕਿਤਾਬ/ਗਰੰਥ ਮਰ ਹੀ ਨਹੀਂ ਸਕਦਾ। ਕਾਗ਼ਜ ਜਲਾਉਣਾ ਤਾਂ ਜਲਾਉ, ਪਰ ਮੰਨਮੱਤਾਂ ਨਾ ਕਰੋ, ਅਡੰਬਰ, ਕਰਮਕਾਂਡ ਕਰਕੇ ਲੋਕਾਂ ਨੂੰ ਬੇਵਕੂਫ਼ ਨਾ ਬਣਾਉ।

. 6. ਪੁਰਾਤਨ ਕਿਤਾਬ/ਗਰੰਥ ਨੂੰ ਪੁਰਾਣਾ ਕਹਿਆ ਜਾਂਦਾ ਤਾਂ ਸੁਣਿਆ ਸੀ, ਇਹ ਬਿੱਰਧ-ਬੀੜਾਂ ਮਰ ਵੀ ਜਾਂਦੀਆਂ ਹਨ, ਇਹ ਸਿਰਫ ਸਿੱਖ ਸਮਾਜ ਵਿਚ ਵੇਖਣ ਵਿਚ ਆਇਆ ਹੈ। ਇਹਨਾਂ ਬਿੱਰਧ ਕਿਤਾਬਾਂ/ਗਰੰਥਾਂ ਨੂੰ ਮਰਿਆ ਹੋਇਆ ਕਿਸ ਨੇ ਘੋਸ਼ਿਤ ਕੀਤਾ ??? ( ਇਹਨਾਂ ਬਾਬਿਆਂ ਨੇ ਹੀ)

. 7. ਕੀ ਇਹ ਪੁਰਾਤਨ ਹਸਤ ਲਿਖਤ ਬੀੜਾਂ ਜਾਂ ਛਾਪੇ ਖਾਨੇ ਦੀਆਂ ਬੀੜਾਂ ਸਿੱਖ ਕੌਮ ਦੀਆਂ ਧਰੋਹਰਾਂ/ਵਿਰਾਸਤਾਂ ਨਹੀਂ ??? ( ਬਿੱਲਕੁੱਲ ਹਨ ਜੀ , ਲੋੜ ਤੋਂ ਵੱਧ ਬੀੜਾਂ ਛਾਪਣੀਆਂ ਹੀ ਨਹੀਂ ਚਾਹੀਦੀਆਂ। )

. 8. ਕੀ ਇਹਨਾਂ ਪੁਰਾਣੀਆਂ ਹਸਤ ਲਿੱਖਤ ਬੀੜਾਂ ਦੀ 'ਲੰਬੀ ਉੱਮਰ' ਲਈ ਪਲਾਸਟਿੱਕ ਪੇਪਰ ਨਾਲ ਸਰਜ਼ਰੀ ਨਹੀਂ ਕੀਤੀ ਜਾ ਸਕਦੀ ??????? (ਬਿੱਲਕੁੱਲ ਕੀਤੀ ਜਾ ਸਕਦੀ ਹੈ। ਸਾਰੀਆਂ ਪੁਰਾਤਨ ਹਸਤ ਲਿੱਖਤ ਬੀੜਾਂ ਨੂੰ ਪ੍ਰਮਾਣਿਕਤਾ ਲਈ ਪਲਾਸਟਿੱਕ ਪੇਪਰ ਸਰਜ਼ਰੀ ਕਰਕੇ ਸੰਭਾਲਣ ਦੀ ਲੋੜ ਹੈ।)

. 9. ਕੀ ਪੁਰਾਤਨ ਬੀੜਾਂ ਨੂੰ ਅਗਨ ਭੇਟ ਕਰਨਾ ਕਿਸੇ ਸਾਜ਼ਿਸ ਦੇ ਤਹਿਤ ਤਾਂ ਨਹੀਂ ਹੋ ਰਿਹਾ ???( ਬਿੱਲਕੁੱਲ ਜੀ, ਇਹ ਬੀੜਾਂ ਸਾੜਨ ਦਾ ਕੰਮ, ਸਿੱਖੀ ਵਿਰੋਧੀ ਅਨਸਰਾਂ, ਬਿੱਪਰ ਵਲੋਂ, ਇੱਕ ਬੜੀ ਮੱਕਾਰੀ ਭਰੀ ਦੂਰ ਅੰਦੇਸ਼ੀ ਨਾਲ ਸੋਚੀ-ਸਮਝੀ ਚਾਲ ਦੇ ਤਹਿਤ ਹੋ ਰਿਹਾ ਹੈ, ਤਾਂ ਜੋ ਸਿੱਖ ਸਮਾਜ ਦੀ ਵਿਰਾਸਤ ਦਾ ਲਿੱਖਤ ਵਿਚ ਕੋਈ ਸਬੂਤ ਹੀ ਨਾ ਰਹੇ। {{ ਸਮਝ ਵਾਲੇ ਵੀਰ-ਭੈਣ ਮੇਰਾ ਨੁਕਤਾ ਸਮਝ ਜਾਣਗੇ}}। ਆਉਣ ਵਾਲੇ ਸਮੇਂ ਵਿਚ, ਯਾਨੀ ਭਵਿੱਖ ਵਿਚ 'ਸਬਦ-ਗੁਰੂ' ਗੁਰਬਾਣੀ ਵਿਚ ਵੀ ਮਿਲਾਵੱਟ ਕਰ ਦਿੱਤੀ ਜਾਵੇਗੀ। ਫਿਰ ਸਿੱਖ ਸਮਾਜ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਦੇ ਪਾਸ 'ਗੁਰਬਾਣੀ' ਦੀ ਪ੍ਰਮਾਣਿਕਤਾ ਦਾ ਕੋਈ ਸਬੂਤ

ਹੀ ਨਹੀਂ ਰਹੇਗਾ। ਕਿ,  ਕੀ ਸਹੀ ਹੈ … ਕੀ ਸਹੀ ਸੀ ਅਤੇ ਹੁਣ ਕੀ ਉਹਨਾਂ ਨੂੰ ਪੜ੍ਹਾਇਆ/ਸਿਖਾਇਆ ਜਾ ਰਿਹਾ ਹੈ।)

. 10. ਕਿਉਂ ਚੁਣ-ਚੁਣ ਕੇ ਪੁਰਾਣੀਆਂ ਹਸਤ ਲਿੱਖਤ ਬੀੜਾਂ ਨੂੰ ਹੀ  ਪਿੰਡ-ਪਿੰਡ, ਸ਼ਹਿਰ-ਸ਼ਹਿਰ ਜਾ ਕੇ ਇੱਕਠਾ ਕੀਤਾ ਜਾਂਦਾ ਹੈ। ਠੀਕ ਇਸੇ ਤਰਾਂ ਪੁਰਾਣੇ ਗੁਟਕੇ ਪੋਥੀਆਂ ਨੂੰ ਵੀ ਇਕੱਠਾ ਕਰਕੇ ਅਗਨ-ਭੇਟ ਕਰ ਦਿੱਤਾ ਜਾਂਦਾ ਹੈ। ( ਤਾਂ, ਜੋ ਕਿਸੇ ਵੀ ਤਰਾਂ ਦੀ ਕੋਈ ਪੁਰਾਤਨ ਹਸਤ ਲਿੱਖਤ  ਦਾ ਕੋਈ ਸਬੂਤ ਨਾ ਰਹਿ ਸਕੇ, 'ਪਰਮਾਣਿਕਤਾ' ਨੂੰ ਖਤਮ ਕੀਤਾ ਜਾ ਸਕੇ।)

. 11. ਕੀ ਸਾਡੇ ਸਿੱਖ ਸਮਾਜ ਦੇ ਲੋਕ ਏਨੇ ਬੇਵਕੂਫ ਬਣ ਗਏ ਹਨ, ਕਿ ਉਹਨਾਂ ਨੂੰ ਆਪਣੀ ਵਿਰਾਸਤ ਵੀ ਨਹੀਂ ਸੰਭਾਲਣੀ ਆਉਂਦੀ ???? ( ਹਾਂ ਜੀ!! ਕੋਈ ਸ਼ੱਕ ਨਹੀਂ। ਸਿੱਖ ਸਮਾਜ ਸੁੱਤਾ ਪਿਆ ਹੈ। ਇਹ ਅਗਨ-ਭੇਟ ਸੇਵਾ ਦੇ ਬਹਾਨੇ ਸਾਰੀਆਂ ਪੁਰਾਤਨ ਬੀੜਾਂ ਖਤਮ ਹੋ ਜਾਣਗੀਆਂ। ਇਹ ਸੱਚਾਈ ਹੈ, ਸਿੱਖਾਂ ਨੂੰ ਆਪਣੀ ਵਿਰਾਸਤ ਨਹੀਂ ਸੰਭਾਲਣੀ ਆਉਂਦੀ।। ਵਿਰਾਸਤੇ ਕੌਮ ਭਵਨ ਅਨੰਦਪੁਰ ਸਾਹਿਬ ਬਿੱਲਡਿੰਗ ਵਿਚ ਜਾ ਕੇ ਵੇਖ ਲਉ, ਕਿਸ ਤਰਾਂ ਸਿੱਖੀ ਵਿਰੋਧੀ ਅਨਸਰਾਂ ਬਿੱਪਰ ਵਲੋਂ ''ਸਿੱਖੀ' ਦਾ ਖਿਲਵਾੜ ਕੀਤਾ ਗਿਆ ਹੈ।)

. 12. ਕੀ ਕੋਈ ਪੁਰਾਣੀ ਬਿੱਰਧ ਹੋਈ, 'ਬੇਜ਼ਾਨ-ਚੀਜ਼' ਮਰ ਸਕਦੀ ਹੈ ?? ਨਹੀਂ ਨਾ। ( ਮਰਨ-ਜਿਉਂਣ ਵਾਲੀ ਖੇਡ ਤਾਂ ਚੇਤਨਤਾ ਵਾਲੇ ਸਰੀਰਾਂ ਨਾਲ ਵਰਤਦੀ ਹੈ। ਕੋਈ ਬੇਜ਼ਾਨ ਚੀਜ਼ ਦਾ ਮਾਟੀਰੀਅਲ ਤਾਂ ਬਹੁਤ ਸਮਾਂ ਪਾ ਕੇ ਹੋਲੀ ਹੋਲੀ ਤਬਦੀਲ ਹੁੰਦਾ ਹੈ। ਇਹ ਕੁੱਦਰਤੀ ਪ੍ਰਕਿਰਿਆ ਹੈ।

. 13. ਅਗਰ 'ਕੁੱਦਰਤ ਕਰਕੇ ਹਾਲਾਤ ਅਜੇਹੇ ਬਣ ਜਾਣ, ਕਿ ਸਾਡੀ ਪੂਰੀ ਧਰਤੀ ਦਾ ਵਿਨਾਸ਼ ਹੋ ਜਾਏ, ਤਾਂ ਤੇ ਕੋਈ ਵੀ ਚੀਜ਼ ਨਹੀਂ ਬਚੇਗੀ। ਇਹ ਸੱਚ ਹੈ, ਸੰਸਾਰ ਨਾਸ਼ਵਾਨ ਹੈ। ਚੀਜ਼ਾਂ ਨਾਸ਼ਵਾਨ ਹਨ। ਵਕਤ/ਸਮਾਂ ਹਰ ਸ਼ੈਅ ਦਾ ਨਾਮੋ ਨਿਸ਼ਾਨ ਮਿਟਾ ਦਿੰਦਾ ਹੈ।

. 14.  ਫਿਰ ਭੀ ਆਪਣੀ ਵਿਰਾਸਤ ਦੀ ਸਾਂਭ-ਸੰਭਾਲ ਕਰਨਾ ਸਾਡਾ ਫਰਜ਼ ਹੈ। ਜ਼ਿੰਮੇਂਵਾਰੀ ਹੈ। ਅਗਿਆਨਤਾ ਵਿਚ ਅਸੀ ਆਪਣੀ ਵਿਰਾਸਤ ਦਾ ਸਤਿਆਨਾਸ਼ ਕਰਦੇ ਰਹੀਏ, ਆਪਣੇ ਕੀਮਤੀ ਲਿਟਰੇਚਰ ਨੂੰ, ਕਿਤਾਬਾਂ ਨੂੰ, ਗਰੰਥਾਂ ਨੂੰ ਅਗਨ-ਭੇਟ ਕਰਦੇ ਰਹੀਏ, ਇਹ ਕਿਥੋਂ ਦੀ ਸਿਆਣੱਪ ਹੈ ??? ਆਉਣ ਵਾਲੀਆਂ ਪੀੜ੍ਹੀਆਂ ਸਾਡੇ ਅੱਜ ਦੇ ਇਹਨਾਂ 'ਸਬਦ ਗੁਰੂ' ਨੂੰ ਅਗਨ ਭੇਟ ਕਰਨ ਵਾਲੇ ਸੇਵਾਦਾਰਾਂ ਨੂੰ ਲਾਹਨਤਾਂ ਪਉਣਗੀਆਂ।

***  ਇਕ ਯੂ ਟਿਊਬ ਵੀਡੀਉ ਦਾ ਲਿੰਕ ਹੇਠਾਂ ਦਿੱਤਾ ਜਾ ਰਿਹਾ ਹੈ, ਜੋ ਮੁਕਤਸਰ ਜਿਲੇ ਦੇ ਧੁਰਕੋਟ ਨਗਰ ਦੀ ਹੈ। ਇਸ ਨਗਰ ਵਿਚੋਂ ਪੁਰਾਣੀਆਂ ਸਬਦ ਗੁਰੂ ਦੀਆਂ ਬੀੜਾਂ (ਜਿਹਨਾਂ ਨੂੰ ਅਗਿਆਨੀ ਲਾਣਾ ਬਿੱਰਧ ਬੀੜਾਂ ਕਹਿੰਦਾ ਹੈ) ਨੂੰ ਬੱਸ ਰਾਂਹੀ ਗੋਇੰਦਵਾਲ ਵਿਖੇ ਸਸਕਾਰ ਕਰਨ ਲਈ ਲਜਾਇਆ ਜਾ ਰਿਹਾ ਹੈ। ਵੀਡੀਉ ਜਰੂਰ ਵੇਖੋ ਜੀ।

https://www.youtube.com/watch?v=lVk6aJHylqo

.  ਪੁਰਾਣੀਆਂ ਹਸਤ ਲਿਖਤ ਬੀੜਾਂ/ਗੁਟਕੇ/ਪੋਥੀਆਂ ਬਹੁਤ ਦੁਰਲੱਭ ਹਨ।

.  ਸਾਡਾ ਇਤਿਹਾਸ ਹਨ। ਇਹਨਾਂ ਬੀੜਾਂ ਵਿਚ ਸਮੇਂ ਦੀਆਂ ਸੱਚਾਈਆਂ ਛੁਪੀਆਂ ਹੋਇਆਂ ਹਨ। ਇਹਨਾਂ ਪੁਰਾਤਨ ਬੀੜਾਂ ਨੂੰ ਸੰਭਾਲਣਾ ਸਾਡੀ ਸਿੱਖ ਕੌਮ ਦੀ ਜ਼ਿੰਮੇਂਵਾਰੀ ਹੈ, ਫਰਜ਼ ਹੈ।

. ਪੁਰਤਾਨ ਸਮੇਂ ਦੀਆਂ ਹਸਤ ਲਿੱਖਤ ਬੀੜਾਂ ਸਾਨੂੰ ਪ੍ਰਮਾਣਿਕਤਾ ਦੇ ਤੌਰ ਅੱਜ ਕੱਲ ਛੱਪਦੀਆਂ ਬੀੜਾਂ ਵਿਚ ਸੁਧਾਈ ਲਈ ਰਾਹ ਦਸੇਰਾ ਬਣਦੀਆਂ ਹਨ।

. ਅੱਜ ਅਗਰ ਗਰੰਥ ਸਾਹਿਬ ਦੇ ਕਿਸੇ ਬੀੜ ਵਿਚ ਕੋਈ ਰੱਲ-ਗੱਢ ਕੀਤਾ ਜਾਂਦਾ ਹੈ, ਤਾਂ ਉਸ ਰੱਲ-ਗੱਢ ਦੀ ਪਕੜ ਇਹਨਾਂ ਪੁਰਾਤਨ ਬੀੜਾਂ ਦੀ ਪ੍ਰਮਾਣਿਕਤਾ ਤੋਂ ਹੀ ਹੋਣੀ ਹੈ।

. ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਗਰੰਥ ਸਾਹਿਬ ਜੀ ਦੀਆਂ ਬੀੜਾਂ ਨੂੰ ਹਜ਼ਾਰਾਂ ਦੇ ਹਿਸਾਬ ਵਿਚ ਬਣਵਾਇਆ ਜਾ ਚੁੱਕਾ ਹੈ। ਸਾਇਦ ਇਹ ਕੰਮ ਇਸ ਕਮੇਟੀ ਨੇ ਆਪਣੀਆਂ ਆਮਦਨ ਵਿਚ ਵਾਧੇ ਲਈ ਕੀਤਾ ਹੋਵੇਗਾ।

. ਹਜ਼ਾਰਾਂ ਦੀ ਗਿਣਤੀ ਵਿਚ ਗਰੰਥ ਸਾਹਿਬ ਜੀ ਦੀਆਂ ਬੀੜਾਂ ਤਿਆਰ/ਬਨਣੀਆਂ ਹੀ ਨਹੀਂ ਹੋਣੀਆਂ ਚਾਹੀਦੀਆਂ। ਕਿਸੇ ਵੀ ਨਗਰ ਜਾਂ ਪਿੰਡ/ਸ਼ਹਿਰ ਵਿਚ ਜਿਥੇ "ਗਰੰਥ ਸਾਹਿਬ" ਜੀ ਦੀ ਬੀੜ ਦੀ ਲੋੜ ਹੋਵੇ, ਉਸ ਪਿੰਡ, ਨਗਰ, ਸ਼ਹਿਰ ਵਲੋਂ ਲਿਖਤ ਰੂਪ ਵਿਚ ਅਰਜ਼ੀ ਆਵੈ। ਤਾਂ ਹੀ ਲੋੜ ਅਨੁਸਾਰ ਨਵੇਂ ਸਰੂਪਾਂ ਦੀ ਛਪਾਈ ਹੋਣੀ ਚਾਹੀਦੀ ਹੈ।

. ਜੋ ਵੀ ਗਰੰਥ ਸਾਹਿਬ ਜੀ ਦੀ ਬੀੜ ਤਿਆਰ ਕੀਤੀ ਜਾਵੇ, ਉਸ ਲਈ ਉੱਚ ਦਰਜ਼ੇ ਦਾ, ਵਧੀਆ ਕੁਆਲਿੱਟੀ ਦੇ ਕਾਗ਼ਜ ਦੀ ਵਰਤੋਂ ਕੀਤੀ ਜਾਏ।

. ਪੂਰੀ ਤਰਾਂ ਪਰਿੰਟ ਦੀ ਸੁਧਾਈ ਕਰਕੇ ਪਰਿੰਟ ਕੀਤਾ ਜਾਏ। ਪਰਿੰਟ ਕੀਤੇ ਪੰਨੇ ਨੂੰ ਪਲਾਸਿਟਿੱਕ ਸਰਜ਼ਰੀ ਨਾਲ ਲੈਮੀਨੇਟਡ ਕੀਤਾ ਜਾਏ, ਤਾਂ ਜੋ ਬਾਣੀ ਲਿੱਖਤ ਪੰਨੇ ਲੰਬੇ ਸਮੇਂ ਤੱਕ ਉੱਮਰ ਦਰਾਜ਼ ਬਣ ਸਕਣ।

. ਠੀਕ ਇਸ ਪਲਾਸਟਿੱਕ ਲੈਮੀਨੇਟਡ ਸਰਜ਼ਰੀ ਰਾਂਹੀ ਹੀ ਪੁਰਾਤਨ ਹਸਤ ਲਿੱਖਤ ਬੀੜਾਂ ਦੀ ਸਾਂਭ ਸੰਭਾਲ ਕੀਤੀ ਜਾ ਸਕਦੀ ਹੈ।

. ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ, ਵਧੀਆ ਕਾਗ਼ਜ ਦੀ ਵਰਤੋਂ ਨਾ ਕਰਕੇ, ਧੜਾਧੜ ਬਣਾਈਆਂ ਗਈਆਂ ਬੀੜਾਂ ਨੂੰ ਬਿਲੇ ਲਾ ਦੇਣਾ ਚਾਹੀਦਾ ਹੈ। ਇਸ ਬਿਲੇ ਲਾਉਣ ਵਾਲੇ ਕਾਰਜ਼ ਲਈ ਕੋਈ ਮੰਨਮੱਤਾਂ ਵਾਲੇ ਕਾਰਜ਼ਾਂ ਦੀ ਲੋੜ ਨਹੀਂ।

. ਤੁਸੀਂ ਥੱਲੇ ਵੇਖ ਸਕਦੇ ਹੋ ਕਿਸ ਤਰਾਂ ਰੱਦੀ ਵਾਲੇ ਕਾਗਜ਼ਾਂ ਵਾਂਗ ਬਾਣੀ ਲਿੱਖੇ ਪੰਨੇ ਰੱਦੀ ਵਾਲੇ ਡੱਬੇ ਵਿਚ ਪਏ ਹਨ, ਇਹਨਾਂ ਨੂੰ ਜਲਾਉਣ ਵਾਸਤੇ ਕੋਈ ਆਡੰਬਰ ਨਹੀਂ ਕੀਤਾ ਜਾਂਦਾ। ਪਰ ਬਾਹਰ ਅਸੀਂ ਏਨੇ ਰੂੜੀਵਾਦੀ ਬਣ ਜਾਂਦੇ ਹਾਂ, ਕਿ ਕੀਤੇ ਜਾ ਰਹੇ ਕਰਮਕਾਂਡਾਂ ਨੂੰ ਵੇਖਦੇ ਸ਼ਰਮ ਹੋਣਾ ਪੈਂਦਾ ਹੈ।




. . . . . . . ਚੱਲਦਾ।

ਇੰਜ ਦਰਸ਼ਨ ਸਿੰਘ ਅਸਟਰੇਲੀਆ

3 ਅਗਸਤ 2019